Weekly

# CANADA SIKH TIMES

2 - 8 March 2024 ਕੈਨੇਡਾ ਸਿੱਖ ਟਾਈਮਜ਼ Volume 2 Issue 9

• RELIGION • CULTURE • HERITAGE • BUSINESS

## US working on cutting H-1B Visa processing time & Green Card backlogs




H-1B online filing start date for FY25 right round the corner, the United States said it is working to cut the green card backlogs and wait times for visa processing for H-1B and other work permits. In a recent press conference, White House Press Secretary Karine Jean-Pierre addressed concerns about the H-1B visa process and the backlog of green card applications, emphasizing President Joe Biden's commitment to addressing issues within the legal immigration system. The H-1B visa, a non-immigrant visa allowing US companies to hire foreign workers with specialized skills, has been a focal point of attention.

## ਇਟਲੀ ਵਿਚ ਵਰਿੰਦਰ ਕੌਰ ਨੇ ਪੰਜਾਬੀਆਂ ਦਾ ਨਾਮ ਕੀਤਾ ਰੌਸ਼ਨ



ਇਟਲੀ ਵਿੱਚ ਪੰਜਾਬੀਆਂ ਨੇ ਮਿਹਨਤਾਂ ਕਰਕੇ ਵੱਡੀਆ ਮੱਲਾਂ ਮਾਰੀਆਂ ਹਨ। ਇਸੇ ਤਰ੍ਹਾਂ ਇਟਲੀ ਦੇ ਲਗੁਰੀਆ ਸਟੇਟ ਵਿੱਚ ਪੈਂਦੇ ਜੇਨੋਆ ਸ਼ਹਿਰ ਨਾਲ ਸੰਬੰਧਤ ਪੰਜਾਬਣ ਵਰਿੰਦਰ ਕੌਰ ਨੇ ਜੇਨੋਆ ਯੂਨੀਵਰਸਿਟੀ ਤੋਂ 93 ਫ਼ੀਸਦੀ ਨਾਲ ਅਰਥ ਸ਼ਾਸ਼ਤਰ ਅਤੇ ਵਪਾਰ (ਡਿਪਾਰਟਮੈਂਟ ਆਫ ਇਕਨਾਮਿਕਸ ਐਂਡ ਬਿਜਨੈੱਸ) ਦੀ ਡਿਗਰੀ ਪ੍ਰਾਪਤ ਕਰਕੇ ਦੇਸ਼, ਸਿੱਖ ਕੌਮ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰ ਦਿੱਤਾ ਹੈ। ਪੰਜਾਬ ਦੇ ਮਾਡਲ ਟਾਊਨ (ਤਲਵਾੜਾ) ਜ਼ਿਲ੍ਹਾ ਕਪੂਰਥਲਾ ਨਾਲ ਸੰਬੰਧਤ ਵਰਿੰਦਰ ਕੌਰ ਦੇ ਮਾਪਿਆਂ ਨੇ ਖੁਸ਼ੀ ਜ਼ਾਹਰ ਕਰਦਿਆਂ ਦੱਸਿਆ ਕਿ ਅਰਥ ਸ਼ਾਸ਼ਤਰ ਅਤੇ ਬਿਜਨੈੱਸ ਵਿੱਚ ਜੇਨੋਆ ਯੂਨੀਵਰਸਿਟੀ ਤੋਂ ਡਿਗਰੀ ਪ੍ਰਾਪਤ ਕਰਨ ਵਾਲੀ ਵਰਿੰਦਰ ਕੌਰ ਪਹਿਲੀ ਸਿੱਖ ਕੁੜੀ ਹੈ। ਸਮੁੱਚੀ ਸਿੱਖ ਕੌਮ ਨੂੰ ਪੰਜਾਬ ਦੀ ਧੀ 'ਤੇ ਮਾਣ ਹੈ।

## ਜ਼ਰੂਰਤ ਹੈ ਖੋਜ ਦੀ




ਸਿੱਖ ਇਤਿਹਾਸ ਵਿਚ ਬਹੁਤ ਸਾਰੀ ਮਿਲਾਵਟ ਹੈ ਤੇ ਬਹੁਤ ਸਾਰੀਆਂ ਕਚੀਆਂ ਕਹਾਣੀਆਂ ਸਾਖੀਆਂ ਹਨ ਜਿਹੜੀਆਂ ਕਿ ਗੁਰਬਾਣੀ ਦੇ ਆਸ਼ੇ ਨਾਲ ਕਿਧਰੇ ਵੀ ਮੇਲ ਨਹੀਂ ਖਾਂਦੀਆਂ। ਅਸੀਂ ਜੱਦ ਇਤਿਹਾਸਕਾਰਾਂ ਜਾਂ ਲੇਖਕਾਂ ਨਾਲ ਗਲਬਾਤ ਕਰਦੇ ਹਾਂ ਤਾਂ ਉਹਨਾਂ ਦਾ ਇਕੋ ਹੀ ਉੱਤਰ ਹੁੰਦਾ ਹੈ ਕਿ ਇਹ ਸਾਖੀਆਂ ਸਾਨੂੰ ਇਸੇ ਤਰ੍ਹਾਂ ਪੁਰਾਤਨ ਲਿਖਤਾਂ 'ਚ ਜਾਂ ਮੌਖਿਕ ਰੂਪ ਚ ਪ੍ਰਾਪਤ ਹੋਈਆਂ ਹਨ, ਜੋ ਕਿ ਇਕ ਪੁਖਤਾ ਉੱਤਰ ਨਹੀਂ ਜਾਪਦਾ। ਸਾਡੀ ਅਜੋਕੇ ਸਾਹਿਤਕਾਰਾਂ, ਖੋਜਾਰਥੀਆਂ, ਵਿਦਵਾਨਾਂ ਤੇ ਪ੍ਰਚਾਰਕਾਂ ਨੂੰ ਇਕ ਸਨਿਮਰ ਬੇਨਤੀ ਹੈ ਕਿ ਗੁਰੂ ਸਾਹਿਬ ਨਾਲ ਸੰਬੰਧਤ ਸਾਖੀਆਂ ਦੀ ਅਸਲ ਪ੍ਰਮਾਣਿਕਤਾ ਦਾ ਮਾਪਦੰਡ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ 'ਚ ਸਮੁੱਚੇ ਸਿੱਖ ਜਗਤ ਕੋਲ ਮੌਜੂਦ ਹੈ। ਇਸ ਕਰਕੇ ਹਰ ਉਹ ਸਾਖੀ ਜਾਂ ਕਹਾਣੀ ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੇ ਨਾਲ ਮੇਲ ਨਹੀਂ ਖਾਂਦੀ, ਉਹਨਾਂ ਨੂੰ ਪ੍ਰਚਾਰਨਾ ਤਿਆਗ ਦਈਏ। ਅਜੋਕੇ ਸਿੱਖ ਇਤਿਹਾਸਕਾਰਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਖੋਜੀ ਬਿਰਤੀ ਰਾਹੀਂ ਸੱਚ ਤੇ ਕੱਚ ਦੀ ਚੋਣ ਕਰਨ ਤਾਂ ਜੋ ਗੁਰਬਾਣੀ ਮੁਤਾਬਿਕ ਸਿੱਖੀ ਦਾ ਪ੍ਰਚਾਰ-ਪ੍ਰਸਾਰ ਠੀਕ ਰਾਹਾਂ ਤੇ ਹੋ ਸਕੇ। ਇੱਦਾਂ ਕਰਨਾ ਇਸ ਕਰਕੇ ਵੀ ਮਹੱਤਵਪੂਰਨ ਹੈ ਕਿਉਂਕਿ ਆਉਣ ਵਾਲੀ ਪਨੀਰੀ ਨੇ ਇਸ ਪ੍ਰਚਾਰ-ਪ੍ਰਸਾਰ ਦੇ ਪ੍ਰਭਾਵ ਅਧੀਨ ਹੀ ਵੱਧਣਾ-ਫੁਲਣਾ ਹੈ। ਅਸੀਂ ਨਵੀਂ ਪੀੜ੍ਹੀ ਅੱਗੇ ਜੇਕਰ ਮਨਘੜਤ ਤੇ ਕੱਚੀਆਂ ਕਹਾਣੀਆਂ ਰਖਾਂਗੇ ਤਾਂ ਉਹ ਸਿੱਖ ਧਰਮ ਨਾਲ ਜੁੜਨ ਦੀ ਥਾਂ ਟੁੱਟਣ ਲੱਗ ਜਾਣਗੇ। ਸੋ ਆਓ ਸਾਰੇ ਮਿਲ ਕੇ ਵਿਦਵਾਨਾਂ ਤੇ ਪ੍ਰਚਾਰਕਾਂ ਨੂੰ ਹੋਰ ਖੋਜ ਕਰਨ ਲਈ ਪ੍ਰੇਰੀਏ ਤਾਂ ਜੋ ਲੋਕਾਈ ਤੱਕ ਸੱਚੀਆਂ ਤੇ ਤੱਥ ਭਰਪੂਰ ਸਾਖੀਆਂ ਪਹੁੰਚ ਸਕਣ।

– ਪੁਸਤਕ ਆਗਾਹਾ ਕੂ ਤ੍ਰਾਘਿ 'ਚੋਂ

DESH VIDESH

# Sikhs and Sikhism in Nepal-3

- Santokh Singh Bains (Chicago, USA)

In Kathmandu, he first stayed and meditated at a place where the Rana-era Singha Durbar (today's seat of government) presently stands. After some time, he moved to another place which is now known as Balaju. It is believed that Guru Nanak meditated at six different places in Kathmandu and stayed in Nepal's capital for several weeks. He held discussions with the Yogis and ascetics; he forbade them from idol worship and asked them to worship One Supreme God only.

It is highly probable that Guru Nanak had visited the well-known temples located at places like Lumbini, Pokhara, Palpa and Changu but it is almost certain that the Guru had visited Thyangboche monastery, a renowned religious centre of Tibetan Buddhists, and held discussions with the Head Lama there. Major H. S. Kohli, leader of the famous Indian expedition to Mount Everest in 1964, had mentioned about a large sized idol and a manuscript of Guru Nanak at the monastery. The Head Lama had also reportedly told Kohli that some writings of Guru Rimpoche (the Tibetan name of Guru Nanak) were also in his personal possession. Unfortunately, more than 20 years ago, the monastery got burnt with all its valuables including the manuscripts due to an electric short circuit.

From Thyangboche, Guru Nanak returned to Khumjing and then proceeded to Tibet.

## Sikh Shrines in Kathmandu Region

In Kathmandu region, Guru Nanak had stopped at Bishnumati River's bank in the vicinity of the Dera (compound) of Yogi Hari Das, previously a well-known devotee of Vishnu Ji and Hanuman Ji. Guru Nanak's sermon and his divine personality had a deep impact on Hari Das who promptly became the Guru's disciple, and this news spread like wildfire in the Himalayan country.

Very impressed by the lofty teachings of Guru Nanak, Nepal's King Jay Jagat Malla had granted 1600 Ropanis (200 Acres) of land to the Guru. A later king, Rana Bahadur Shah, had also gifted considerable land to the shrine after finding solace for his "unsound mind" at the Math. Fortunately, the official records pertaining the donations of land to Guru Nanak are still preserved by the Nepalese government. From Mechi to Mahakali, there are Lal Purjas (House Squatting Documrnts) in the name of Guru Nanak. Unfortunately, many encroachments have taken place from time to time and now only a small parcel of land measuring about 35 Ropanis (1 Ropani = 5476 Square Feet) is in the possession of Guru Nanak Math Gurdwara which is located next to Bishnumati Bridge at Naya Bazaar in Balaju area of Kathmandu.



Handwritten Saroop of Guru Granth Sahib at Guru Nanak Math, Balaju, Kathmandu, Nepal

This 400-year-old gurdwara was constructed in the style of local Nepalese architecture. The gurdwara also has a 300-year-old handwritten Saroop of Guru Granth Sahib. In his The Forgotten Shrine of the Sikhs, Desmond Doig writes: "Obviously the lovely, lonely Guru Nanak Math is in need of a Sikh scholar to unravel its truths and its legends. Until then it will remain a half-forgotten temple on a wooded hill threatened by the brick and concrete advances of Kathmandu."

The shrine at Shobha Bhagwati seems like a forgotten abode of Guru Nanak. One has to use the crammed wooden ladder to reach the first floor. In a tiny room, a handwritten Saroop of Guru Granth Sahib has been neatly kept. The caretaker dutifully performs daily rituals and prayers. In the courtyard of Shobha Bhagwati Math, there is an old bell which has inscriptions in Gurmukhi symbolizing the oneness of God and the oneness of humanity. The total land area under Shobha Bhagwati Math originally measured 29 Ropanis; now only 2 Ropanis and 6 Aanas (1 Aana = 342.25 Square Feet) remains in the shrine's possession. **(Continued)**

# HERITAGE



## ਹਉਮੈ ਨਾਵੈ ਨਾਲ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥

– ਇੰਦਰਜੀਤ ਕੌਰ (ਪੁਨੇ)

**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ॥**

ਅਸੀਂ ਗੁਰਬਾਣੀ ਦੇ ਸ਼ਰਧਾਲੂ ਭੀ ਕਹਿੰਦੇ ਹਾਂ ਅਤੇ ਗੁਰੂ ਘਰ ਦੇ ਪ੍ਰੇਮੀ ਭੀ ਅਖਵਾਉਂਦੇ ਹਾਂ। ਪਰ ਕੀ ਕਦੇ ਗੁਰਮਤ ਸਬੰਧੀ ਗੁੜ ਲੇਕਿਨ ਸਪਸ਼ਟ ਆਸ਼ੈ ਪੂਰਕ ਗੁਰਵਾਕਾਂ ਦੇ ਭਾਵ ਨੂੰ ਅਸੀਂ ਡੂੰਘੀ ਵਿਚਾਰ ਸਹਿਤ ਵਿਚਾਰ ਕੇ ਕਦੇ ਅਪਣੇ ਜੀਵਨ ਵਿੱਚ ਅਮਲੀ ਤੌਰ ਤੇ ਅਪਣਾਇਆ ਹੈ? ਜੇ ਨਹੀਂ ਅਪਣਾਇਆ ਤਾਂ ਆਓ ਅੱਜ ਅਸੀਂ ਉੱਪਰਲੇ ਗੁਰਵਾਕ ਅਨੁਸਾਰ ਇਸ ਦੇ ਸਾਰ ਭਾਉ ਅੰਦਰ ਚੁੱਬੀ ਮਾਰ ਕੇ ਅਤੇ ਇਸ ਸਾਰ ਭਾਉ ਤੋਂ ਸਪਸ਼ਟ ਹੋਈ ਗੁਰਮਤ ਕਸਵੱਟੀ ਅਨੁਸਾਰ ਆਪੋ ਆਪਣੀ ਆਤਮਿਕ ਅਵਸਥਾ ਨੂੰ ਨਿਹਾਰ ਕੇ ਦੇਖੀਏ। ‘ਹਉਮੈ ਤੇ ਨਾਮ ਦਾ ਵਿਰੋਧ’ ਗੁਰੂ ਗ੍ਰੰਥ ਸਾਹਿਬ ਵਿੱਚ ਸੁਸ਼ੋਭਿਤ ਹੋਏ ਇਸ ਗੁਰਵਾਕ ਨੂੰ “ਹਉਮੈ ਨਾਵੈ ਨਾਲ ਵਿਰੋਧੁ ਹੈ ਦੁਇ ਨ ਵਸੈ ਇਕ ਠਾਇ ॥ ਨੂੰ ਚੰਗੀ ਤਰ੍ਹਾਂ ਵਿਚਾਰ ਕੇ ਜੋ ਭਾਉ ਇਸ ਗੁਰਵਾਕ ਦਾ ਸਪਸ਼ਟ ਹੁੰਦਾ ਹੈ ਉਹ ਇਹ ਹੈ ਕਿ “ਹਉਮੈ” ਅਤੇ “ਨਾਮ” ਦਾ ਪਰਸਪਰ ਵਿਰੋਧ ਹੈ। ਜਿੱਥੇ ਹਉਮੈ ਦਾ ਨਿਵਾਸ ਹੈ ਉਥੇ ਨਾਮ ਦਾ ਨਿਵਾਸ ਨਹੀਂ ਹੋ ਸਕਦਾ। ਜਿੱਥੇ ਨਾਮ ਦਾ ਨਿਵਾਸ ਹੈ ਉਥੇ ਹਉਮੈ ਦਾ ਵਿਨਾਸ ਹੈ। ਜਿਸ ਹਿਰਦੇ ਵਿੱਚ, ਜਿਸ ਅਸਥਾਨ ਵਿੱਚ, ਜਿਸ ਭੂਮਿਕਾ ਵਿੱਚ ,ਜਿਸ ਮੰਡਲ ਵਿੱਚ ਹਉਮੈ ਦਾ ਬਸੇਰਾ ਹੈ ਉਸ ਹਿਰਦੇ ਉਸ ਅਸਥਾਨ, ਉਸ ਭੂਮਿਕਾ, ਉਸ ਮੰਡਲ ਵਿੱਚ ਨਾਮ ਦਾ ਵਾਸਾ ਨਹੀਂ ਅਤੇ ਜਿਸ ਹਿਰਦੇ, ਜਿਸ ਅਸਥਾਨ, ਜਿਸ ਭੂਮਿਕਾ, ਜਿਸ ਮੰਡਲ ਵਿੱਚ ਨਾਮ ਦਾ ਵਾਸਾ ਹੈ ਉੱਥੇ ਹਉਮੈ ਦਾ ਨਾਉਂ ਹੋ ਹੀ ਨਹੀਂ ਸਕਦਾ। ਜਿੱਥੇ ਹਉਮੈ ਹੈ ਉਥੇ ਨਾਮ ਦਾ ਅਭਾਉ ਹੈ। ਇਸ ਭਾਵ ਅਰਥ ਤਾਂ ਸਾਫ ਸਪਸ਼ਟ ਹਨ ਪਰ “ਹਉਮੈ” ਅਤੇ “ਨਾਮ” ਪਦਾਂ ਦੀ ਵਿਆਖਿਆ ਨੂੰ ਸਾਨੂੰ ਸਮਝਣਾ

## Dubai Rolls out Multiple-Entry Tourist Visa for Indians



Dubai introduced a five-year multiple-entry visa to further bolster travel between India and Dubai, to foster sustained economic collaborations and encourage tourism and business ties. Indians are among the top visitors to the Gulf country, with 2.46 million tourists visiting Dubai in 2023. In the year-ago period, the city hosted 1.84 million tourists from India, while in 2019, it welcomed 1.97 million visitors. Dubai has now rolled out a multiple-entry visa scheme, under which Indian nationals can take multiple entries into the city for five years, with each stay allowed up to 90 days. This visa can be extended once for a similar period, ensuring that the total stay does not exceed 180 days within a year.

## Parneet Kaur and Simranjit Kaur clinch five medals in Asian Games



Continuing the impressive performance demonstrated by Punjab's athletes at the international level, players from the region have achieved tremendous success in archery, hockey, and badminton. Two archers from Punjab, Simranjit Kaur and Parneet Kaur, clinched three gold and two silver medals in the Asia Cup of Archery held in Baghdad, Iraq. Simranjit Kaur, from Abohar, secured two gold medals in the mixed team and women's recurve events, along with a silver medal in the individual category. Similarly, Praneet Kaur from Mansa claimed gold in the individual category and silver in the team category of the compound event.

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰਬਾਣੀ ਵਿਚ ਹੰਕਾਰ ਵਾਸਤੇ ਕਿਹੜੇ ਸ਼ਬਦ ਵਰਤੇ ਹਨ?**

a. ਹਉ  b. ਹਉਮੈ
c. ਅੰਹਮੇਵ  d. ਇਹ ਸਾਰੇ ਹੀ

**2. ਗੁਰਮਤਿ ਅਨੁਸਾਰ ਕਿਸੀ ਮਿਰਤਕ ਪ੍ਰਾਣੀ ਦੀ ਅਸਥੀਆਂ ਨੂੰ ਕਿਸ ਜਗਾ ਪ੍ਰਵਾਹ ਕਰਨਾ ਠੀਕ ਹੈ?**

a. ਕੀਰਤਪੁਰ  b. ਹਰਿਦਵਾਰ
c. ਨੇੜੇ ਦੇ ਵਗਦੇ ਪਾਣੀ ਵਿਚ  d. ਕਿਸੀ ਇਤਿਹਾਸਕ ਸਥਾਨ ’ਤੇ

**3. ਗੁਰਬਾਣੀ ਅਨੁਸਾਰ ਇਨਾਂ ਵਿਚੋਂ ਕਿਹੜੀਆਂ ਫੋਕੀਆਂ ਰਸਮਾਂ ਪ੍ਰਵਾਨ ਨਹੀ ਹਨ?**

a. ਕਪਾਲ ਕਿਰਿਆ  b. ਧਾਹਾਂ ਮਾਰਨੀ
c. ਤਿਲਾਂਜਲੀ ਰਸਮ  d. ਇਹ ਸਾਰੀਆਂ ਰਸਮਾਂ

**4. ਗੁਰੂ ਗ੍ਰੰਥ ਸਹਿਬ ਵਿਚ ‘ਘਟ’ ਸ਼ਬਦ ਕਿਹੜੇ ਦੋ ਅਰਥਾਂ ਵਿੱਚ ਆਇਆ ਹੈ?**

a. ਰਸਤਾ  b. ਹਿਰਦਾ
c. ਕੀਮਤ  d. A ਅਤੇ B ਦੋਵੇਂ

**5.** On which date every year International Mother Tongue Day is celebrated?

a. 9 Feb  b. 20 Feb
c. 21 Feb  d. 22 Feb

(ਦੇਖੋ ਉੱਤਰ ਪੰਨਾ 4 ’ਤੇ)



# ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿੱਚ "ਬਲਿਹਾਰੀ ਕੁਦਰਤਿ ਵਸਿਆ"॥

- ਮਨਜੀਤ ਕੌਰ (ਰਾਮਪੁਰ)



ਪ੍ਰਭੂ ਕੁਦਰਤ ਦੀ ਉਤਪਤੀ ਕਰਨ ਵਾਲਾ ਕਾਦਰ ਹੈ। ਪ੍ਰਭੂ ਨੇ ਕੁਦਰਤ ਨੂੰ ਬਹੁਤ ਖ਼ੂਬਸੂਰਤ ਢੰਗ ਨਾਲ ਸਾਜਿਆ ਹੈ। ਕੁਦਰਤ ਸ਼ਬਦ ਦੇ ਗੁਰਬਾਣੀ ਵਿੱਚ ਅਨੇਕ ਪਖੀ ਅਰਥ ਹਨ, ਇਹ ਕਰਤਾ ਦੀ ਰਚਨਾ ਸ਼ਕਤੀ ਤੋ ਲੈ ਕੇ ਮਾਇਆ ਦੇ ਬਹੁਭਾਂਤੀ ਪਾਸਾਰੇ ਨੂੰ ਆਪਣੇ ਵਿੱਚ ਸਮੇਟਣ ਵਾਲੀ ਤਾਕਤ, ਇਸ਼ਵਰਤਾ, ਦਿਵਯਤਾ, ਸੱਤਾ ਅਤੇ ਪ੍ਰਕਿਰਤੀ ਦੀ ਟੋਹ ਦੇਣ ਵਾਲੀ ਉਹ ਹਸਤੀ ਹੈ, ਜਿਸ ਦੇ ਬਾਰੇ ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ: "ਸੱਚੀ ਤੇਰੀ ਸਿਫਤ ਸਚੀ ਸਾਲਾਹ"॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ"॥ (ਸਲੋਕ ਮਹਲਾ ੧: ਪੰਨਾ ੪੬੩) ਗੁਰਬਾਣੀ ਵਿੱਚ ਕੁਦਰਤ ਨੂੰ ਸਰਬਵਿਆਪੀ ਸਰੂਪ ਬਖਸ਼ਿਆ ਗਿਆ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿੱਚ ਜੋ ਜ਼ਿਕਰ ਪ੍ਰਕਿਰਤੀ ਬਾਰੇ ਆਇਆ ਹੈ, ਓਸ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਗੁਰੂ ਸਾਹਿਬ ਦਾ ਅਨੁਭਵ ਪੰਜਾਬ ਦੀ ਧਰਤੀ ਤੱਕ ਸੀਮਿਤ ਨਹੀਂ ਸੀ, ਸਗੋਂ ਉਦਾਸੀਆਂ ਦੌਰਾਨ ਉਨ੍ਹਾਂ ਨੇ ਅਨੇਕ ਇਲਾਕਿਆਂ ਦੇ ਕੁਦਰਤੀ ਦ੍ਰਿਸ਼ਾ ਨੂੰ ਨਿਹਾਰਿਆ ਤੇ ਉਸ ਪਿੱਛੇ ਲੁਕੇ ਕਾਦਰ ਦੇ ਵਿਰਾਟ ਰੂਪ ਦਾ ਅਨੁਭਵ ਕੀਤਾ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਬਾਣੀ ਵਿੱਚ ਕੁਦਰਤ ਦਾ ਵਰਣਨ ਬਹੁਤ ਖ਼ੂਬਸੂਰਤ ਅੰਦਾਜ਼ ਨਾਲ ਕੀਤਾ ਹੈ, ਗੁਰੂ ਸਾਹਿਬ ਜੀ ਲਿਖਦੇ ਹਨ: ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤ ਭਉ ਸੁਖ ਸਾਰੁ॥ "ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਅਕਾਰ"॥ (ਮਹਲਾ ੧ ਪੰਨਾ ੪੬੪) ਇਸ ਤੁਕ ਰਾਹੀਂ ਕਿਤੇ "ਆਸਾ ਦੀ ਵਾਰ" ਵਿਚ ਅਤੇ ਕਿਸੇ ਹੋਰ ਪ੍ਰਸੰਗ ਵਿਚ ਸਾਡੇ ਲਈ ਮੰਨਣ ਅਤੇ ਮਾਣਨ ਯੋਗ ਬਣਾਉਣ ਦਾ ਟਿੱਲ ਲਾਇਆ। ਇਸ ਸਿਧਾਂਤ ਅਨੁਸਾਰ ਸਮੁੱਚਾ ਬ੍ਰਹਿਮੰਡ, ਜਲ, ਪਵਨ, ਧਰਤੀ ਅਤੇ ਆਕਾਸ਼ ਆਦਿ ਨਾਲ ਹੀ ਸੰਪੂਰਨ ਗ੍ਰਹਿਣ ਕਰਦਾ ਹੈ। ਕੁਦਰਤ ਵਿੱਚ ਹੀ ਸਾਡੀਆ ਜੜਾਂ ਹਨ, ਕੁਦਰਤ ਵਿਚੋਂ ਹੀ ਅਸੀਂ ਜੀਵਨ ਰੱਖਿਅਕ ਤੱਤ ਨੂੰ ਗ੍ਰਹਿਣ ਕਰਦੇ ਹਾਂ। ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤ ਜਾਣੋਵਾ"॥ (ਵਡਹੰਸ ਮਹਲਾ ੧, ਪੰਨਾ ੫੮੧) ਉਸ ਅਕਾਲਪੁਰਖ ਨੇ ਸੰਸਾਰ ਨੂੰ ਸਾਜਿਆ ਹੈ, ਪਰਮਾਤਮਾ ਨੇ ਇਹ ਸਾਰਾ ਸੰਸਾਰ ਬਣਾ ਕੇ ਪ੍ਰਕਿਰਤੀ ਦੀ ਸਿਰਜਣਾ ਕੀਤੀ, ਰਚਨਹਾਰ ਦੀ ਰਚਨਾ ਦਾ ਕੋਈ ਭੇਦ ਨਹੀਂ ਪਾ ਸਕਦਾ, ਕੇਵਲ ਉਹ ਸੁਆਮੀ ਹੀ ਆਪਣੀ ਅਪਾਰ ਸ਼ਕਤੀ ਨੂੰ ਜਾਣਦਾ ਹੈ, ਮੇਰੀ ਕੀ ਤਾਕਤ ਹੈ ਕਿ ਮੈ ਅਕਾਲਪੁਰਖ ਦੀ ਰਚੀ ਹੋਈ ਕੁਦਰਤ ਦੀ ਵਿਚਾਰ ਕਰ ਸਕਾਂ, ਓਹ ਬੇਅੰਤ ਹੈ। "ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤ ਨਾ ਜਾਈ ਲਖਿਆ॥ ਰਹਾਉ॥ (ਪੰਨਾ ੪੬੯) ਕਾਦਰ ਦੀ ਕਾਇਨਾਤ ਤੋਂ ਬਗੈਰ ਹਰ ਪ੍ਰਕਾਰੀ ਜੀਵ ਅਧੂਰਾ ਹੈ, ਅਪੂਰਨ ਅਤੇ ਅਵਿਕਸਿਤ ਹੈ। ਕੁਦਰਤ ਸਾਡੇ ਲਈ ਉਤਸਾਹ ਅਤੇ ਖੇੜੇ ਦਾ ਸਬੱਬ ਹੈ। ਆਓ ਮੁੜ ਤੋਂ ਕੁਦਰਤ ਦੀ ਨਿੱਘੀ ਗੋਦੀ ਵਿਚ ਬੈਠਣ ਅਤੇ ਗੁਰੂ ਸੰਦੇਸ਼ ਨੂੰ ਧੁਰ ਅੰਦਰ ਵਸਾਉਣ ਦੀ ਕੋਸ਼ਿਸ਼ ਕਰੀਏ। ◆◆

# Punjabi will be implemented as a compulsory subject in Punjab Schools

The Punjab school education department has issued a show-cause notice to a private school in Jalandhar for not teaching Punjabi as a compulsory subject. School education minister Harjot Singh Bains said it had come to his notice that Punjabi language was not being taught as a compulsory subject to the students of Cambridge School located near Chhoti Baradari of Jalandhar. Taking serious notice of it, he directed the officials of the school education department to issue a show-cause notice to the school in this regard. The cabinet minister said the Punjab government was committed to maintaining the dignity of the Punjabi language, and any disrespect towards it would not be tolerated at any cost.





## SIKH MATRIMONIALS

Gursikh Boy 34/5'11"/Masters from Montreal Canada/ PR holder/ Software Developer/Father Business Mother Retired Teacher Contact +91 98108 20046

Gursikh Boy 33/5'10"/MBA/Business / Earning 6 Figures/ Moving to Canada as PR holder/Contact +91 8076484616

Gursikh Amritdhari girl 30/5'3" /Masters USA/Software Developer/San Francisco/Package USD 125000/ Contact +91 7428742265


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. C 3. D 4. D 5. C

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Manmeet Kaur (UK), Taranpreet Singh (India), Harman Singh (Canada)



email: canadasikhtimes@gmail.com, M: +1 437 673 7555